COVID-19

# ਕੋਵਿਡ-19 ਤੋਂ ਬਾਅਦ ਵੈਕਸੀਨੇਸ਼ਨ

BRITISH COLUMBIA Ministry of Health

BC Centre for Disease Control
Provincial Health Services Authority

## ਇਮਿਊਨਿਟੀ ਕੀ ਹੈ?

ਇਮਿਊਨਿਟੀ ਤੁਹਾਡੇ ਸਰੀਰ ਦੀ ਬਿਮਾਰੀ ਵਿਰੁੱਧ ਟਾਕਰਾ ਕਰਨ ਦੀ ਸਮਰੱਥਾ ਹੈ ਅਤੇ ਇਹ ਉਦੋਂ ਕੰਮ ਕਰਦੀ ਹੈ ਜਦੋਂ ਤੁਹਾਡਾ ਸਰੀਰ ਬਿਮਾਰੀ ਵਾਲੇ ਤੱਤ ਜਿਵੇਂ ਕਿ ਵਾਇਰਸ ਦੇ ਸੰਪਰਕ ਵਿਚ ਆਉਂਦਾ ਹੈ। ਸਰੀਰ ਵਿਚ ਇਮਿਊਨਿਟੀ ਪੈਦਾ ਕਰਨ ਦੇ ਕੁੱਝ ਤਰੀਕੇ ਹਨ:

**ਵੈਕਸੀਨ ਨਾਲ ਪੈਦਾ ਕਰਨਾ:** ਬਿਮਾਰੀ ਵਾਲੇ ਜ਼ਿੰਦਾ ਤੱਤਾਂ ਜਾਂ ਮਰੇ ਹੋਏ ਤੱਤਾਂ ਦਾ ਵੈਕਸੀਨ ਰਾਹੀਂ ਤੁਹਾਡੇ ਸਰੀਰ ਨਾਲ ਸੰਪਰਕ ਕੀਤਾ ਜਾਂਦਾ ਹੈ

**ਬਿਮਾਰੀ ਨਾਲ ਪੇਧਾ ਹੋਈ ਇਮਿਊਨਿਟੀ:** ਤੁਸੀਂ ਸਿੱਧੇ ਬਿਮਾਰੀ ਦੇ ਸੰਪਰਕ ਵਿਚ ਹੋ

ਜਦੋਂ ਉੱਪਰਲੇ ਦੋਹਾਂ ਵਿਚੋਂ ਕੋਈ ਇੱਕ ਕਾਰਨ ਹੋਵੇ ਤਾਂ ਤੁਹਾਡੇ ਸਰੀਰ ਦਾ ਇਮਿਊਨ ਸਿਸਟਮ ਹਰਕਤ ਵਿਚ ਆ ਕੇ ਬਿਮਾਰੀ ਨਾਲ ਲੜਨ ਲਈ ਐਂਟੀਬਾਡੀਜ਼ ਪੈਦਾ ਕਰਦਾ ਹੈ। ਤੁਹਾਡੇ ਇਮਿਊਨ ਸਿਸਟਮ ਵਿਚ ਯਾਦਸ਼ਕਤੀ ਹੁੰਦੀ ਹੈ ਅਤੇ ਜੇ ਭਵਿੱਖ ਵਿਚ ਇਹ ਜਾਂ ਇਹੋ ਜਿਹੀ ਬਿਮਾਰੀ ਦਾ ਹਮਲਾ ਹੋਵੇ ਤਾਂ ਤੁਹਾਡੇ ਅੰਦਰ ਲੱਛਣ ਪੈਦਾ ਹੋਣ ਤੋਂ ਪਹਿਲਾਂ ਹੀ ਤੁਹਾਡਾ ਸਰੀਰ ਇਨਫ਼ੈਕਸ਼ਨ ਨਾਲ ਲੜਨ ਲਈ ਬਹੁਤ ਜਲਦੀ ਅਤੇ ਤਾਕਤਵਰ ਐਂਟੀਬਾਡੀਜ਼ ਪੈਦਾ ਕਰ ਲੈਂਦਾ ਹੈ।

## ਕੋਵਿਡ-19 ਹੋਣ ਤੋਂ ਬਾਅਦ ਕੀ ਮੈਂ ਸੁਰੱਖਿਅਤ ਹਾਂ?

ਸਾਨੂੰ ਪਤਾ ਹੈ ਕਿ ਕੋਵਿਡ-19 ਹੋਣ ਤੋਂ ਬਾਅਦ ਕੁੱਝ ਹੱਦ ਤੱਕ ਸੁਰੱਖਿਆ ਮਿਲਦੀ ਹੈ। ਬਹੁਤ ਹਲਕੇ ਲੱਛਣਾਂ ਜਾਂ ਲੱਛਣਾਂ ਰਹਿਤ ਇਨਫ਼ੈਕਸ਼ਨ ਵਾਲੇ ਲੋਕਾਂ ਵਿਚ ਬਹੁਤ ਹਲਕੇ ਪੱਧਰ ਦੀ ਇਮਿਊਨਿਟੀ ਪੈਦਾ ਹੁੰਦੀ ਹੈ। ਅਧਿਐਨ ਤੋਂ ਪਤਾ ਚਲਦਾ ਹੈ ਕਿ ਕੋਵਿਡ-19 ਹੋਣ ਤੋਂ ਪੈਦਾ ਹੋਈ ਸੁਰੱਖਿਆ ਕਿੰਨੀ ਪੁਖ਼ਤਾ ਜਾਂ ਕਿੰਨੇ **ਲੰਮੇ ਸਮੇਂ** ਲਈ ਹੈ ਇਹ ਲੋਕਾਂ ਵਿਚ ਵੱਖ ਵੱਖ ਹੋ ਸਕਦੀ ਹੈ ਅਤੇ ਕਈ ਲੋਕਾਂ ਵਿਚ ਕੋਵਿਡ-19 ਹੋਣ ਦਾ ਦੁਬਾਰਾ ਖ਼ਤਰਾ ਹੋ ਸਕਦਾ ਹੈ।

## ਕੀ ਵੈਕਸੀਨ ਇਮਿਊਨਿਟੀ ਪੈਦਾ ਕਰਨ ਲਈ ਵਧੀਆ ਸਾਧਨ ਹਨ?

ਕੋਵਿਡ-19 ਦੇ ਸੰਪਰਕ ਵਿਚ ਆ ਕੇ ਇਮਿਊਨਿਟੀ ਪੈਦਾ ਕਰਨਾ ਤੁਹਾਡੇ ਲਈ ਅਤੇ ਤੁਹਾਡੇ ਕੋਲ ਰਹਿਣ ਵਾਲਿਆਂ ਲਈ ਖ਼ਤਰਨਾਕ ਹੋ ਸਕਦਾ ਹੈ ਕਿਉਂਕਿ ਤੁਸੀਂ ਇਨਫ਼ੈਕਸ਼ਨ ਫੈਲਾਅ ਸਕਦੇ ਹੋ। ਕੋਵਿਡ-19 ਕਾਰਨ ਗੰਭੀਰ ਬਿਮਾਰੀ ਹੋ ਸਕਦੀ ਹੈ, ਲੰਮੇ ਸਮੇਂ ਲਈ ਲੱਛਣ ਜੋ ਤੁਹਾਡੀ ਰੋਜ਼ਾਨਾ ਜ਼ਿੰਦਗੀ ਤੇ ਅਸਰ ਪਾ ਸਕਦੇ ਹਨ ਅਤੇ ਮੌਤ ਵੀ ਹੋ ਸਕਦੀ ਹੈ।

ਕੋਵਿਡ-19 ਵਿਰੁੱਧ ਇਮਿਊਨਿਟੀ ਪੈਦਾ ਕਰਨ ਲਈ ਵੈਕਸੀਨੇਸ਼ਨ ਬਹੁਤ ਸੁਰੱਖਿਅਤ ਹੈ ਅਤੇ ਜਿਸ ਬਾਰੇ ਅਨੁਮਾਨ ਲਗਾਇਆ ਜਾ ਸਕਦਾ ਹੈ, ਵੈਕਸੀਨੇਸ਼ਨ ਨਾਲ ਕੋਵਿਡ-19 ਹੋਣ ਦੀ ਸੰਭਾਵਨਾ ਨਹੀਂ ਹੁੰਦੀ।

## ਕੀ ਕੋਵਿਡ-19 ਤੋਂ ਬਾਅਦ ਮੈਨੂੰ ਵੈਕਸੀਨ ਲੈਣਾ ਚਾਹੀਦਾ ਹੈ?

ਹਾਂ। ਬੇਸ਼ੱਕ ਤੁਹਾਨੂੰ ਕੋਵਿਡ-19 ਹੋਇਆ ਹੈ ਫਿਰ ਵੀ ਇਹ ਸੁਨਿਸ਼ਚਿਤ ਕਰਨ ਲਈ ਕਿ ਤੁਹਾਨੂੰ ਕੋਵਿਡ-19 ਦੁਬਾਰਾ ਨਾ ਹੋਵੇ ਵੈਕਸੀਨ ਲੈਣਾ ਇੱਕ ਸੁਰੱਖਿਅਤ ਤਰੀਕਾ ਹੈ।

ਅਮਰੀਕਾ ਦੇ ਤਜਰਬਿਆਂ ਤੋਂ ਇਹ ਪਤਾ ਚੱਲਦਾ ਹੈ ਕਿ ਜਿਸ ਵਿਅਕਤੀ ਨੇ ਕੋਵਿਡ-19 ਤੋਂ ਬਾਅਦ ਵੈਕਸੀਨ ਨਹੀਂ ਲਿਆ ਉਸ ਨੂੰ ਦੁਬਾਰਾ ਇਨਫ਼ੈਕਸ਼ਨ ਹੋਣ ਦਾ ਖ਼ਤਰਾ ਉਸ ਵਿਅਕਤੀ ਨਾਲੋਂ **ਦੋ ਤੋਂ ਪੰਜ ਗੁਣਾ** ਜ਼ਿਆਦਾ ਹੈ ਜਿਸ ਨੇ ਕੋਵਿਡ-19 ਇਨਫ਼ੈਸ਼ਨ ਤੋਂ ਬਾਅਦ ਵੈਕਸੀਨ ਲਿਆ ਹੈ।

## ਕੋਵਿਡ-19 ਹੋਣ ਤੋਂ ਬਾਅਦ ਮੈਂ ਕਦੋਂ ਵੈਕਸੀਨ ਲਵਾਂ?

ਜਦੋਂ ਵੀ ਤੁਸੀਂ ਠੀਕ ਮਹਿਸੂਸ ਕਰੋ ਅਤੇ ਇਕਾਂਤਵਾਸ ਦੀ ਜ਼ਰੂਰਤ ਨਾ ਹੋਵੇ ਤੁਸੀਂ ਕੋਵਿਡ-19 ਵੈਕਸੀਨ ਲੈ ਸਕਦੇ ਹੋ। ਇਹ ਪਤਾ ਕਰਨ ਲਈ ਕਿ ਆਪਣੇ ਨਜ਼ਦੀਕ ਵੈਕਸੀਨ ਕਿਵੇਂ ਲੈਣਾ ਹੈ ਇਹ ਵੈੱਬਸਾਈਟ ਦੇਖੋ: bccdc.ca/health-info/diseases-conditions/covid-19/covid-19-vaccine/vaccine-registration-eligibility

ImmunizeBC ਵਿਚ ਪੂਰਾ ਵੇਰਵਾ ਦਿੱਤਾ ਹੋਇਆ ਹੈ ਕਿ ਵੈਕਸੀਨ ਕਿਵੇਂ ਕੰਮ ਕਰਦਾ ਹੈ।

ਕੋਵਿਡ-19 ਵੈਕਸੀਨਾਂ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਇੱਥੇ ਵੇਖੋ: bccdc.ca/health-info/diseases-conditions/covid-19/covid-19-vaccine

